# ਜ਼ਿਲਾ ਮੈਜਿਸਟਰੇਟ, ਕਪੂਰਥਲਾ।

**Tele. No. 01822-233777-O, 233776-R, 233393-F**

**Email ID dckapurthala@gmail.com**

**ਵੱਲ**

ਰਿਲਾਇੰਸ ਜੀ.ਓ ਇਨਫੋਕੋਮ ਲਿਮਿਟਡ
ਰਿਲਾਇੰਸ ਮਾਲ, 4th ਫਲੋਰ, ਜਲੰਧਰ

ਨੰਬਰ 2252 /ਐਮ.ਏ. ਮਿਤੀ 23/04/2020

**ਵਿਸ਼ਾ:** **Permission of opening of Jio point stores (Bholath, Sultanpur Lodhi, Hussainpur, Fattu Dhinga Phagwara Sharki) during curfew relasation hours for maintenance of network in rural areas.**

ਹਵਾਲਾ: ਆਪ ਦੇ ਪੱਤਰ ਨੰਬਰ RJIL/4G/DC/KPL/03 dated 22.04.2020 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਜ਼ਿਲਾ ਕਪੂਰਥਲਾ ਵਿਖੇ ਹੇਠ ਲਿਖੇ ਜੀ.ਓ. ਸਟੋਰ ਦੇ ਪ੍ਰੀਪੇਡ ਮੋਬਾਈਲ ਰੀਚਾਰਜ਼ ਪੁਆਇੰਟਾਂ ਨੂੰ ਪੰਜਾਬ ਸਰਕਾਰ, ਗ੍ਰਹਿ ਮਾਮਲੇ ਵੱਲੋ ਪੱਤਰ ਨੰ: SS/ACSH/2020/318 ਮਿਤੀ 22.04.2020 ਰਾਹੀਂ ਜਾਰੀ ਗਾਈਡਲਾਈਨਜ਼ ਨਾਲ ਨੱਥੀ ਪ੍ਰਾਪਤ ਹੋਏ ਗ੍ਰਹਿ ਮੰਤਰਾਲੇ, ਭਾਰਤ ਸਰਕਾਰ ਦੇ ਹੁਕਮ ਨੰ: 40-3/2020-DM-1(A) dated 21.04.2020 ਦੇ Clause 11(V) ਅਨੁਸਾਰ ਹਦਾਇਤਾ ਦੀ ਪਾਲਣਾ ਵਿੱਚ ਜ਼ਿਲਾ ਕਪੂਰਥਲਾ ਦੇ ਜੀ.ਓ. ਟੈਲੀਕੋਮ ਸਟੋਰਾਂ ਨੂੰ ਸਵੇਰੇ 06.00 ਵਜੇ ਤੋ ਸਵੇਰੇ 10.00 ਵਜੇ ਤੱਕ (4 ਘੰਟੇ ਲਈ) ਖੋਲਣ ਲਈ ਕਰਫਿਊ ਦੌਰਾਨ ਸ਼ਰਤਾਂ ਤੇ ਹੇਠ ਲਿਖੇ ਅਨੁਸਾਰ ਛੋਟ ਦਿੱਤੀ ਜਾਂਦੀ ਹੈ:

1. ਜੀ.ਓ. ਸਟੋਰ ਪੁਆਇੰਟ ਭੁਲੱਥ
2. ਜੀ.ਓ. ਸਟੋਰ ਪੁਆਇੰਟ ਸੁਲਤਾਨਪੁਰ ਲੋਧੀ
3. ਜੀ.ਓ. ਸਟੋਰ ਪੁਆਇੰਟ ਹੁਸੈਨਪੁਰ
4. ਜੀ.ਓ. ਸਟੋਰ ਪੁਆਇੰਟ ਫੱਤੂਢੀਗਾਂ
5. ਜੀ.ਓ. ਸਟੋਰ ਪੁਆਇੰਟ ਫਗਵਾੜਾ ਸ਼ਰਕੀ

ਪੰਜਾਬ ਸਰਕਾਰ ਵੱਲੋਂ COVID-19 ਦੇ ਫੈਲਣ ਤੋਂ ਰੋਕਣ ਲਈ ਪੰਜਾਬ ਅੰਦਰ ਹਰੇਕ ਵਿਅਕਤੀ ਦੇ ਮੂਹ ਤੇ ਮਾਸਕ (ਸੂਤੀ ਕੱਪੜੇ ਦਾ ਮਾਸਕ ਜਾਂ ਟ੍ਰਿਪਲ ਲੇਅਰ ਮਾਸਕ ਜਾਂ ਰੁਮਾਲ, ਦੁਪੱਟਾ, ਪਰਨਾ ਆਦਿ) ਪਹਿਨਣਾ ਲਾਜ਼ਮੀ ਕੀਤਾ ਗਿਆ ਹੈ। ਇਸ ਲਈ ਹਰੇਕ ਅਦਾਰਾ ਇਹ ਸੁਨਿਸਿਚਤ ਕਰੇਗਾ ਕਿ ਆਉਣ ਵਾਲੇ ਹਰੇਕ ਵਿਅਕਤੀ ਨੇ ਮਾਸਕ ਜਰੂਰ ਲਗਾਇਆ ਹੋਵੇ ਅਤੇ **ਭਾਰਤ ਸਰਕਾਰ**/ ਪੰਜਾਬ ਸਰਕਾਰ/ ਜਿਲ੍ਹਾ ਪ੍ਰਸ਼ਾਸਨ ਅਤੇ ਵੱਖ-ਵੱਖ ਸਿਹਤ ਅਥਾਰਟੀਆਂ ਵੱਲੋਂ ਕੋਵਿਡ-19 ਸਬੰਧੀ ਜਾਰੀ ਹਦਾਇਤਾਂ/ ਹੁਕਮਾਂ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਸਾਫ-ਸਫਾਈ ਤੇ ਸਮਾਜਿਕ ਦੂਰੀ (Social Distancing) (ਘੱਟੋ-ਘੱਟ 2 ਮੀਟਰ) ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ। ਜਿਸ ਨੂੰ ਸੁਨਿਸਿਚਤ ਕਰਨ ਲਈ ਹਰੇਕ ਸਟੋਰ ਦੇ ਅੰਦਰ-ਬਾਹਰ ਸਮਾਜਿਕ ਦੂਰੀ (Social Distancing) ਘੱਟੋ-ਘੱਟ 2 ਮੀਟਰ ਦਾ ਘੇਰਾ ਲਗਾਉਣਾ ਜਰੂਰੀ ਬਣਾਉਣਗੇ। ਇਸ ਤੋਂ ਇਲਾਵਾਂ ਕਿਸੇ ਵੀ ਵਿਅਕਤੀ ਵੱਲੋ ਜਨਤਕ ਸਥਾਨਾ/ਸੜ੍ਹਕਾਂ ਆਦਿ ਤੇ ਥੁੱਕਣ ਦੀ ਸਖਤ ਮਨਾਹੀ ਹੋਵੇਗੀ। ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਪ੍ਰਵਾਨਗੀ ਬਿਨ੍ਹਾਂ ਨੋਟਿਸ ਰੱਦ ਕਰ ਦਿੱਤੀ ਜਾਵੇਗੀ।

**ਜ਼ਿਲਾ ਮੈਜਿਸਟਰੇਟ,**
**ਕਪੂਰਥਲਾ।**

ਪਿੱਠ ਅੰਕਣ ਨੰ: 2253-2258 /ਐਮ.ਏ. ਮਿਤੀ: 23-04-2020

ਇਸ ਦਾ ਇੱਕ ਉਤਾਰਾ

1. ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ
2. ਸਮੂਹ ਉਪ ਮੰਡਲ ਮੈਜਿਸਟਰੇਟ, ਕਪੂਰਕਲਾ/ਫਗਵਾੜਾ/ਸੁਲਤਾਨਪੁਰ ਲੋਧੀ ਅਤੇ ਭੁਲੱਥ
3. ਜ਼ਿਲਾ ਲੋਕ ਸੰਪਰਕ ਅਫਸਰ, ਕਪੂਰਥਲਾ
4. ਪੀ.ਏ. ਟੂ ਡੀ.ਸੀ. ਕਪੂਰਥਲਾ

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਜ਼ਿਲਾ ਮੈਜਿਸਟਰੇਟ,**
**ਕਪੂਰਥਲਾ।**

Scanned by CamScanner